## ਨਗਰ ਯੋਜਨਾਕਾਰ

ਪੰਜਾਬ ਸਰਕਾਰ ਦਾ ਇਹ ਜ਼ਿਲ੍ਹਾ ਪੱਧਰੀ ਦਫ਼ਤਰ ਨਵੇਂ ਬਣੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਸਥਾਪਿਤ ਹੈ। ਇਸ ਦਫ਼ਤਰ ਵਲੋਂ ਹੇਠ ਲਿਖੇ ਕੰਮ ਕੀਤੇ ਜਾਂਦੇ ਹਨ:-

1. **ਮਾਸਟਰ ਪਲਾਨ ਤਿਆਰ ਕਰਨ ਸਬੰਧੀ**

ਸ਼ਹਿਰਾਂ ਅਤੇ ਕਸਬਿਆਂ ਦੇ ਸੰਤੁਲਤ ਅਤੇ ਯੋਜਨਾਬੱਧ ਵਿਕਾਸ ਲਈ ਮਾਸਟਰ ਪਲਾਨ ਤਿਆਰ ਕੀਤੇ ਜਾਂਦੇ ਹਨ। ਪਹਿਲੀ ਸਟੇਜ ਤੇ ਸ਼ਹਿਰ/ਕਸਬੇ ਦਾ ਮੌਜੂਦਾ ਭੌਂ ਵਰਤੋਂ ਪਲੈਨ ਰੈਕੀ ਸਰਵੇ ਤੇ ਪਲੈਨ ਟੇਬਲ ਅਤੇ ਸਰਵੇ ਆਫ ਇੰਡੀਆ ਦੀਆਂ ਸਾਈਟਾਂ ਦੇ ਅਧਾਰ ਤੇ ਤਿਆਰ ਕੀਤੇ ਜਾਂਦੇ ਹਨ। ਪੰਜਾਬ ਸਰਕਾਰ ਵਲੋਂ ਪੰਜਾਬ ਰੀਜਨਲ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ 1995 ਦੇ ਉਪਬੰਧਾਂ ਅਧੀਨ ਹਰੇਕ ਸ਼ਹਿਰ/ਕਸਬੇ ਦੁਆਲੇ ਲੋਕਲ ਪਲੈਨਿੰਗ ਏਰੀਆ ਡੈਲੀਗੇਟ ਕੀਤਾ ਜਾਂਦਾ ਹੈ। ਇਸ ਦੀ ਵਿਭਾਗ ਵਲੋਂ ਤਕਨੀਕੀ ਪ੍ਰਵਾਨਗੀ ਉਪਰੰਤ ਜ਼ਿਲ੍ਹਾ ਟਾਊਨ ਪਲੈਨਿੰਗ ਕਮੇਟੀ ਤੋਂ ਅਪਰੂਵ ਕੀਤੇ ਜਾਣ ਤੋਂ ਬਾਅਦ ਸਰਕਾਰ ਵਲੋਂ ਨੋਟੀਫਾਈ ਕੀਤਾ ਜਾਂਦਾ ਹੈ ਅਤੇ ਸ਼ਹਿਰੀ ਕਸਬਿਆਂ ਦੀ ਜਨਸੰਖਿਆ ਵਿਚ 20 ਸਾਲਾਂ ਤੱਕ ਹੋਣ ਵਾਲੇ ਵਾਧੇ ਨੂੰ ਧਿਆਨ ਵਿਚ ਰੱਖਦੇ ਹੋਏ ਰਿਹਾਇਸ਼ੀ ਸਥਾਨ, ਵਪਾਰਿਕ ਕੇਂਦਰ, ਉਦਯੋਗਿਕ ਸੰਸਥਾਵਾਂ, ਆਵਾਜਾਈ ਲਈ ਸੜਕਾਂ, ਬੱਸ ਸਟੈਂਡ, ਟਰੱਕ ਸਟੈਂਡ, ਰੇਲਵੇ ਸਟੇਸ਼ਨਾਂ, ਵਿਦਿਅਕ ਅਤੇ ਸਿਹਤ ਸਹੂਲਤਾਂ ਅਤੇ ਹੋਰ ਜਨ ਸਹੂਲਤਾਂ ਆਦਿ ਲਈ ਏਰੀਆ ਈਅਰ ਮਾਰਕ ਕੀਤਾ ਜਾਂਦਾ ਹੈ। ਸ਼ਹਿਰ ਦੇ ਦੁਆਲੇ ਇਕ ਸ਼ਹਿਰੀ ਕਰਨ ਏਰੀਆ ਡੈਲੀਗੇਟ ਕੀਤਾ ਜਾਂਦਾ ਹੈ। ਇਸ ਤੋਂ ਅੱਗੇ ਆਉਣ ਵਾਲੇ ਸਮੇਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਲੋਕਲ ਪਲੈਨਿੰਗ ਏਰੀਏ ਵਿਚ ਕੰਮਪੈਟੀਬਲ ਭੌਂ ਵਰਤੋਂ ਲਈ ਵੀ ਲੋੜੀਂਦੇ ਕਦਮ ਧਿਆਨ ਵਿਚ ਰੱਖੇ ਜਾਂਦੇ ਹਨ।

2. **ਨਗਰ ਯੋਜਨਾਬੰਦੀ ਸਕੀਮ**

ਨਗਰ ਕੌਂਸਲ ਵਲੋਂ ਮਤਾ ਪਾਸ ਕੀਤੇ ਜਾਣ ਉਪਰੰਤ ਪੰਜਾਬ ਮਿਉਂਸਪਲ ਐਕਟ 1911 ਵਿਚ ਧਾਰਾ 192 ਅਧੀਨ ਨਗਰ ਕੌਂਸਲ ਵਲੋਂ ਮਾਲ ਰਿਕਾਰਡ ਦੇ ਅਧਾਰ ਤੇ ਪ੍ਰਸਤਾਵਤ ਏਰੀਏ ਦਾ ਇਸ ਦਫ਼ਤਰ ਵਲੋਂ ਪਲੈਨ ਟੇਬਲ ਸਰਵੇ ਦੁਆਰਾ ਸਰਵੇ ਪਲੈਨ ਤਿਆਰ ਕੀਤਾ ਜਾਂਦਾ ਹੈ। ਹਰ ਮਾਲਕ ਦੀ ਮਲਕੀਤੀ ਭੌਂ ਵਿਚ 25% ਰਕਬਾ (ਬਿਨ੍ਹਾਂ ਮੁਆਵਜਾ ਦਿੱਤੇ) ਗਲੀਆਂ, ਸੜ੍ਹਕਾਂ ਅਤੇ ਪਾਰਕਾਂ ਲਈ ਤਜਵੀਜ਼ ਕਰਦੇ ਹੋਏ ਰਿਹਾਇਸ਼ੀ, ਵਪਾਰਿਕ ਅਤੇ ਹੋਰ ਜਨ ਸਹੂਲਤਾਂ ਲਈ ਲੇ-ਆਉਟ ਪਲੈਨ ਤਿਆਰ ਕੀਤਾ ਜਾਂਦਾ ਹੈ। ਜਿਸ ਦੀ ਨਗਰ ਕੌਂਸਲ ਸਰਕਾਰ ਵਲੋਂ ਪ੍ਰਵਾਨਗੀ ਲੈ ਕੇ ਸ਼ਹਿਰ ਦਾ ਸੰਤੁਲਤ ਵਿਕਾਸ ਕਰਾਉਂਦੀ ਹੈ। ਨਗਰ ਕੌਂਸਲ ਵਲੋਂ ਰੈਫ਼ਰ ਕੀਤੇ ਜਾਣ ਤੇ ਇਸ ਯਤਨਾਂ ਨੂੰ ਲਾਗੂ ਕਰਨ ਲਈ ਵੱਖ-ਵੱਖ ਵਿਸ਼ਿਆਂ ਤੇ ਇਹ ਵਿਭਾਗ ਤਕਨੀਕੀ ਰਾਏ ਦਿੰਦਾ ਹੈ।

3. **ਵਿਕਾਸ ਸਕੀਮ**

ਸਰਕਾਰ ਵਲੋਂ ਨਗਰ ਕੌਂਸਲਾਂ ਦੇ ਬੋਝ ਨੂੰ ਘੱਟ ਕਰਨ ਲਈ ਸ਼ਹਿਰਾਂ ਦਾ ਯੋਜਨਾਬੱਧ ਵਿਕਾਸ ਕਰਾਉਣ ਲਈ ਪੰਜਾਬ ਟਾਊਨ ਇੰਮਪਰੂਵਮੈਂਟ ਐਕਟ 1922 ਦੇ ਉਪਬੰਧਾਂ ਅਧੀਨ ਨਗਰ ਸੁਧਾਰ ਟਰੱਸਟ ਸਥਾਪਿਤ ਕੀਤੀਆਂ ਹਨ। ਇਸ ਦਫ਼ਤਰ ਦਾ ਮੁੱਖੀ ਨਗਰ ਸੁਧਾਰ ਟਰੱਸਟ ਦਾ ਟਰੱਸਟੀ ਹੁੰਦਾ ਹੈ। ਨਗਰ ਸੁਧਾਰ ਟਰੱਸਟ ਵਲੋਂ ਮਤਾ ਪਾਸ ਕੀਤੇ ਜਾਣ ਤੇ ਸੰਬੰਧਤ ਰਕਬੇ ਦਾ ਮਾਲ ਰਿਕਾਰਡ ਤਿਆਰ ਕਰਕੇ ਐਕਟ 1922 ਦੇ ਉਪਬੰਧਾਂ ਅਧੀਨ ਗਜ਼ਟ ਨੋਟੀਫਿਕੇਸ਼ਨ ਕਰਵਾਈ ਜਾਂਦੀ ਹੈ ਅਤੇ ਫਾਈਨਲ ਤੌਰ ਤੇ ਚੁਣੇ ਗਏ ਰਕਬੇ ਦਾ ਇਸ ਦਫ਼ਤਰ ਵਲੋਂ ਸੜ੍ਹਕਾਂ, ਬੱਸ ਅੱਡਿਆਂ, ਵਿਦਿਅਕ ਅਤੇ ਸਿਹਤ ਸਹੂਲਤਾਂ ਅਤੇ ਹੋਰ ਜਨ ਸਹੂਲਤਾਂ ਲਈ ਰਾਖਵਾਂ ਕਰਦੇ ਹੋਏ ਬਾਕੀ ਦਾ ਰਕਬਾ

ਰਿਹਾਇਸ਼ੀ, ਵਪਾਰਿਕ ਸਥਾਨਾਂ ਲਈ ਈਅਰ ਮਾਰਕ ਕੀਤਾ ਜਾਂਦਾ ਹੈ। ਇਸ ਖੇਤਰ ਦੀ ਐਕੋਜੀਸ਼ਨ ਨਗਰ ਸੁਧਾਰ ਟਰੱਸਟ ਵਲੋਂ ਕੀਤੀ ਜਾਂਦੀ ਹੈ ਅਤੇ ਉਸ ਵਲੋਂ ਹੀ ਇਹ ਸਕੀਮਾਂ ਮੌਕੇ ਤੇ ਲਾਗੂ ਕੀਤੀਆਂ ਜਾਂਦੀਆਂ ਹਨ। ਇਸ ਦਫ਼ਤਰ ਵਲੋਂ ਤਿਆਰ ਕੀਤੀ ਗਈ ਪਲੈਨਿੰਗ ਨੂੰ ਲਾਗੂ ਕਰਨ ਦੀ ਰਾਹ ਤੇ ਮੁਸ਼ਕਿਲ ਆਉਂਦੀ ਹੋਵੇ ਤਾਂ ਉਸ ਸਬੰਧੀ ਤਕਨੀਕੀ ਰਾਏ ਇਸ ਦਫ਼ਤਰ ਵਲੋਂ ਸਮੇਂ-ਸਮੇਂ ਸਿਰ ਦਿੱਤੀ ਜਾਂਦੀ ਹੈ।

4. **ਸ਼ਹਿਰੀ ਮਿਲਖਾਂ**

ਸ਼ਹਿਰਾਂ ਦੇ ਯੋਜਨਾਬੱਧ ਵਿਕਾਸ ਲਈ ਸ਼ਹਿਰੀ ਖੇਤਰ ਵਿਚ ਇਸ ਦਫ਼ਤਰ ਵਲੋਂ ਨਿਸ਼ਾਨਦੇਹੀ ਅਤੇ ਸਾਈਟਿੰਗ ਬੋਰਡ ਵਲੋਂ ਚੁਣੇ ਜਾਣ ਉਪਰੰਤ ਪੁੱਡਾ ਵਿਭਾਗ ਜ਼ਮੀਨ ਐਕਵਾਇਰ ਕਰਦਾ ਹੈ। ਇਸ ਭੂਮੀ ਤੇ ਇਸ ਦਫ਼ਤਰ ਵਲੋਂ ਸੜ੍ਹਕਾਂ, ਪਾਰਕਾਂ, ਵਿਦਿਅਕ ਅਤੇ ਸਿਹਤ ਸਹੂਲਤਾਂ ਤੋਂ ਬਿਨ੍ਹਾਂ ਹੋਰ ਜਨ ਸਹੂਲਤਾਂ ਲਈ ਈਅਰ ਮਾਰਕ ਕਰਦੇ ਹੋਏ ਰਿਹਾਇਸ਼ੀ ਅਤੇ ਵਪਾਰਿਕ ਕੇਂਦਰਾਂ ਦਾ ਲੇ-ਆਊਟ ਪਲੈਨ ਤਿਆਰ ਕੀਤਾ ਜਾਂਦਾ ਹੈ। ਜਿਸ ਨੂੰ ਪੁੱਡਾ ਵਿਭਾਗ ਮੌਕੇ ਤੇ ਲਾਗੂ ਕਰਦਾ ਹੈ। ਤਿਆਰ ਕੀਤੀ ਗਈ ਯੋਜਨਾ ਨੂੰ ਮੌਕੇ ਤੇ ਲਾਗੂ ਕਰਦਿਆਂ ਜੇਕਰ ਕੋਈ ਵੀ ਮੁਸ਼ਕਿਲ ਆਉਂਦੀ ਹੈ, ਤਾਂ ਇਸ ਸਬੰਧੀ ਦਫ਼ਤਰ ਵਲੋਂ ਆਪਣੀ ਤਕਨੀਕੀ ਰਾਏ ਸਮੇਂ-ਸਮੇਂ ਸਿਰ ਦਿੱਤੀ ਜਾਂਦੀ ਹੈ।

5. **ਬਾਬਾ ਨਾਨਕ ਕਾਲੀ ਬੇਂਈ ਦਾ ਵਿਕਾਸ ਪ੍ਰੋਜੈਕਟ**

ਚੀਫ ਕੰਜ਼ਰਵੇਟਰ ਆਫ ਫਾਰੈਸਟ ਵਿਭਾਗ, ਪੰਜਾਬ ਰਾਹੀਂ ਸ੍ਰੀ ਐਨ.ਐਸ. ਟਿਵਾਣਾ, ਡਾਇਰੈਕਟਰ, ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਦੀ ਪ੍ਰਧਾਨਗੀ ਹੇਠ ਬਾਬਾ ਨਾਨਕ ਕਾਲੀ ਬੇਂਈ ਦੇ ਵਿਕਾਸ ਪ੍ਰੋਜੈਕਟ ਸਬੰਧੀ ਮੀਟਿੰਗ ਦੀ ਕਾਰਵਾਈ ਪ੍ਰਾਪਤ ਹੋਈ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਇਹ ਕਾਈ ਬੇਂਈ 37 ਪਿੰਡਾਂ ਦੀਆਂ ਹੱਦ ਬਸਤਾਂ ਵਿਚੋਂ ਲੰਘਦੀ ਹੋਈ ਲਗਭਗ 34 ਕਿਲੋਮੀਟਰ ਦਾ ਸਫ਼ਰ ਤਹਿ ਕਰਦੀ ਹੈ।

6. **ਰੂਰਲ ਫੋਕਲ ਪੁਆਇੰਟ**

ਸਰਕਾਰ ਦੇ ਹੁਕਮਾਂ ਅਨੁਸਾਰ ਕਿਸੇ ਵੀ ਸਬੰਧਤ ਪਿੰਡ ਵਿਚ ਚੁਣੀ ਗਈ ਸਾਈਟ ਦਾ ਲੇ-ਆਊਟ ਪਲੈਨ ਤਿਆਰ ਕੀਤਾ ਜਾਂਦਾ ਹੈ। ਇਸ ਫੋਕਲ ਪੁਆਇੰਟ ਦੇ ਖੇਤਰ ਵਿਚ ਅਨਾਜ ਮੰਡੀ, ਸ਼ਾਪਿੰਗ ਬੂਥ, ਪਸ਼ੂ ਚਕਿਤਸਾ, ਬਿਜਲੀ, ਸੇਵਾ ਕੇਂਦਰ ਅਤੇ ਸ਼ਿਕਾਇਤ ਘਰ, ਕਮਿਊਨਿਟੀ ਸੈਂਟਰ, ਡਿਸਪੋਜ਼ਲ ਵਰਕਸ ਆਦਿ ਲੇ-ਆਊਟ ਪਲੈਨ ਤਿਆਰ ਕਰਦਾ ਹੈ। ਲੇ-ਆਊਟ ਪਲੈਨ ਨੂੰ ਲਾਗੂ ਕਰਦਿਆਂ ਕੋਈ ਵੀ ਮੁਸ਼ਕਿਲ ਆਉਂਦੀ ਹੈ ਤਾਂ ਸੰਬੰਧਤ ਦਫ਼ਤਰਾਂ ਨੂੰ ਤਕਨੀਕੀ ਰਾਏ ਸਮੇਂ-ਸਮੇਂ ਸਿਰ ਦਿੱਤੀ ਜਾਂਦੀ ਹੈ।

7. **ਫੁੱਟਕਲ ਕੰਮ**

ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ ਦਫ਼ਤਰ ਨੂੰ ਲੋਕ ਹਿੱਤ ਵਿਚ ਭੂਮੀ ਐਕਵਾਇਰ ਕਰਨ ਸਬੰਧੀ ਰੈਫਰ ਕੀਤੀਆਂ ਗਈਆਂ ਸਾਈਟਾਂ, ਪੈਟਰੋਲ ਪੰਪ, ਮੈਰਿਜ ਪੈਲੇਸ ਦੀਆਂ ਸਾਈਟਾਂ, ਸਰਕਾਰੀ ਅਦਾਰਿਆਂ ਦੀਆਂ ਸਥਾਪਨਾ ਸਬੰਧੀ ਖੇਤਰਾਂ ਦੀ (ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ) ਸਾਈਟ ਰਿਪੋਰਟ ਅਤੇ ਸਾਈਟ ਪਲੈਨ/ਜ਼ੋਨਿੰਗ ਪਲੈਨ ਤਿਆਰ ਕਰਦੇ ਹੋਏ ਵਿਭਾਗ ਦੀਆਂ ਗਾਈਡਲਾਈਨਜ਼ ਅਨੁਸਾਰ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਅਤੇ ਮੁੱਖ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ ਅਤੇ ਸੀਨੀਅਰ ਨਗਰ ਯੋਜਨਾਕਾਰ, ਜਲੰਧਰ ਤੋਂ ਮਨਜ਼ੂਰੀ ਮਿਲਣ ਉਪਰੰਤ ਜ਼ਿਲ੍ਹਾ ਪ੍ਰਸ਼ਾਸਨ ਨੂੰ ਉਸ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ।